# ਇਕ ਮਨੁੱਖਤਾ ਇਕ ਸੰਘਰਸ਼

ਅੱਜ ਦੇ ਹਾਲਾਤ ਦਾ ਜਾਇਜ਼ਾ ਲਿਆਂ ਇਕ ਗੱਲ ਸਾਫ ਦਿਸਦੀ ਹੈ ਕਿ ਸਾਮਰਾਜੀ ਤਾਕਤਾਂ ਆਪਣਾ ਅਰਥਚਾਰਾ, ਆਪਣੀ ਜਕੜ ਅਤੇ ਆਪਣੀ ਸਿਆਸੀ ਪ੍ਰਣਾਲੀ ਦੁਨੀਆ ਭਰ ਦੇ ਲੋਕਾਂ ਅਤੇ ਮੁਲਕਾਂ ਉੱਤੇ ਠੋਸਣ ਦੀਆਂ ਪੁਰਜ਼ੋਰ ਕੋਸ਼ਿਸ਼ਾਂ ਕਰ ਰਹੇ ਹਨ ਅਤੇ ਦੁਨੀਆ ਦੇ ਹਰ ਹਿੱਸੇ ਵਿਚ ਤਬਾਹੀ ਕਰ ਰਹੇ ਹਨ ਅਤੇ ਵਹਿਸ਼ੀ ਜ਼ੁਲਮ ਢਾਹ ਰਹੇ ਹਨ।

ਅਮਰੀਕਾ, ਕਨੇਡਾ ਅਤੇ ਯੂਰਪ ਦੀ ਗੱਲ ਕਰੀਏ ਤਾਂ ਇੱਥੇ ਦੀਆਂ ਸਾਮਰਾਜੀ ਹਾਕਮ ਜਮਾਤਾਂ ਉਨ੍ਹਾਂ ਸਾਰੀਆਂ ਪ੍ਰਾਪਤੀਆਂ ਤੇ ਸੱਟ ਮਾਰ ਰਹੀਆਂ ਹਨ ਜੋ ਮਜ਼ਦੂਰ ਜਮਾਤ, ਔਰਤਾਂ, ਘੱਟ ਗਿਣਤੀਆਂ, ਰੌਸ਼ਨ ਖ਼ਿਆਲ ਅਤੇ ਹੋਰ ਪਸਮਾਂਦਾ ਲੋਕਾਂ ਨੇ ਆਪਣੀ ਲੰਮੀ ਜੱਦੋ-ਜਹਿਦ ਰਾਹੀਂ ਹਾਸਿਲ ਕੀਤੀਆਂ ਸੀ। ਟਰੇਡ ਯੂਨੀਅਨਾਂ ਨਾਲ ਜਿਹੜੇ ਵੀ ਮਜ਼ਦੂਰ ਪੱਖੀ ਸਮਝੌਤੇ ਕੀਤੇ ਗਏ ਸੀ ਹੌਲੀ ਹੌਲੀ ਉਹ ਸਭ ਖ਼ਤਮ ਕੀਤੇ ਜਾ ਰਹੇ ਹਨ। ਸਿਹਤ-ਸੰਭਾਲ ਅਤੇ ਤਾਲੀਮ ਦੀਆਂ ਸਹੂਲਤਾਂ ਵੀ ਖ਼ਤਮ ਕੀਤੀਆਂ ਜਾ ਰਹੀਆਂ ਹਨ। ਦਹਿਸ਼ਤਗਰਦੀ ਨੂੰ ਦਬਾਉਣ ਦੇ ਬਹਾਨੇ ਹੇਠ ਸਿਆਸੀ ਅਤੇ ਸਮਾਜੀ ਹੱਕਾਂ ਨੂੰ ਲਿਤਾੜਿਆ ਜਾ ਰਿਹਾ ਹੈ। ਆਰਥਿਕਤਾ ਦੀਆਂ ਬੁਨਿਆਦੀ ਸਨਅਤਾਂ ਵੀ ਖ਼ਤਮ ਕੀਤੀਆਂ ਜਾ ਰਹੀਆਂ ਹਨ। ਮਿਸਾਲ ਦੇ ਤੌਰ ਤੇ ਲੋਹਾ ਅਤੇ ਸਟੀਲ ਪੈਦਾ ਕਰਨ ਦੀਆਂ ਸਾਰੀਆਂ ਸਨਅਤਾਂ ਇੰਗਲੈਂਡ ਅਤੇ ਅਮਰੀਕਾ ਵਿਚ ਖ਼ਤਮ ਹੋ ਚੁੱਕਿਆਂ ਹਨ। ਇਸੇ ਤਰਾਂ ਦੂਸਰੀ ਬੁਨਿਆਦੀ ਸਨਅਤਾਂ ਭੀ ਖ਼ਤਮ ਹੋ ਚੁੱਕੀਆਂ ਹਨ। ਇਕ ਕੌਮੀ ਆਰਥਿਕਤਾ ਬਿਨਾ ਬੁਨਿਆਦੀ ਸਨਅਤਾਂ ਦੇ ਕਿਸ ਤਰਾਂ ਚਲ ਸਕਦੀ ਹੈ? ਹਾਕਮ ਜਮਾਤਾਂ ਆਪਣੇ ਮੁਨਾਫ਼ਿਆਂ ਖਾਤਰ ਹਰ ਪਾਸੇ ਤਬਾਹੀ ਅਤੇ ਬਰਬਾਦੀ ਫੈਲਾ ਰਹੀਆਂ ਹਨ। ਹਰ ਪਾਸੇ ਬੇਰੁਜ਼ਗਾਰੀ, ਭੁੱਖ ਅਤੇ ਜਹਾਲਤ ਵੱਧ ਰਹੀ ਹੈ। ਹਰ ਪਾਸੇ ਸਮਾਜ ਵਿਰੋਧੀ ਹਮਲੇ, ਜੰਗ ਅਤੇ ਜ਼ੁਲਮ ਦਾ ਮਾਹੌਲ ਬਣਾਉਣ ਦੀ ਕੋਸ਼ਿਸ਼ ਹੈ।

ਦੂਜੇ ਪਾਸੇ ਏਸ਼ੀਆ, ਅਫ਼ਰੀਕਾ ਅਤੇ ਹੋਰਨਾਂ ਮੁਲਕਾਂ ਵਿਚ ਵੀ ਸਾਮਰਾਜੀ ਅਤੇ ਉਨ੍ਹਾਂ ਦੇ ਝੋਲੀ ਚੁੱਕ ਆਪਣੇ ਮੁਨਾਫ਼ਿਆਂ ਲਈ ਸਨਅਤਾਂ ਦਾ ਪਸਾਰ ਕਰ ਰਹੇ ਹਨ ਪਰ ਸਨਅਤਾਂ ਦਾ ਇਹ ਪਸਾਰਾ ਲੋਕਾਂ ਦੀਆਂ ਲੋੜਾਂ ਪੂਰੀਆਂ ਕਰਨ ਲਈ ਨਹੀਂ ਬਲਕਿ ਸਾਮਰਾਜੀਆਂ ਦੇ ਮੁਨਾਫ਼ਿਆਂ ਨੂੰ ਵਧਾਉਣ ਲਈ ਹੈ। ਸਾਰੇ ਲੋਕਾਂ ਦੇ ਕੁਦਰਤੀ ਅਤੇ ਮਨੁੱਖੀ ਸਾਧਨਾਂ ਨੂੰ ਸਾਮਰਾਜ ਆਪਣੇ ਹੱਥ ਵਿਚ ਲੈਣ ਦੀ ਕੋਸ਼ਿਸ਼ ਕਰ ਰਿਹਾ ਹੈ। ਨਿਜੀ ਕਰਣ ਅਤੇ ਵਿਸ਼ਵੀਕਰਣ ਦੇ ਨਾਅਰੇ ਹੇਠ ਬਸਤੀਵਾਦ ਨਵਾਂ ਅਵਤਾਰ ਧਾਰਨ ਕਰ ਰਿਹਾ ਹੈ। ਹਰ ਪਾਸੇ ਤਬਾਹੀ ਅਤੇ ਬਰਬਾਦੀ ਦਾ ਆਲਮ ਹੈ। ਮਿਸਾਲ ਦੇ ਤੌਰ ਤੇ ਪੰਜਾਬ ਦੇ ਮਿਹਨਤੀ ਲੋਕ ਕਰੋੜਾਂ ਹੀ ਟਨ ਅਨਾਜ ਪੈਦਾ ਕਰਦੇ ਹਨ ਪਰ ਪਿੰਡ ਪਿੰਡ ਕਰਜ਼ੇ ਦੀ ਜਕੜ ਵਿਚ ਫਸਿਆ ਹੋਇਆ ਹੈ। ਹਜ਼ਾਰਾਂ ਹੀ ਕਿਸਾਨਾਂ ਨੇ ਆਤਮ ਹਤਿਆ ਕੀਤੀ ਹੈ। ਹਿੰਦੁਸਤਾਨ ਦੇ ਹੋਰਨਾਂ ਹਿੱਸਿਆਂ ਦੇ ਲੋਕਾਂ ਦਾ ਵੀ ਇਹੋ ਹਾਲ ਹੈ। ਦੁਨੀਆ ਦੇ ਹੋਰ ਹਿਸਿਆਂ ਅਤੇ ਮੁਲਕਾਂ ਦੇ ਲੋਕਾਂ ਦਾ ਹਾਲ ਵੀ ਮਾੜਾ ਹੀ ਹੈ। ਸਾਮਰਾਜੀਆਂ ਦੀ ਨੀਤੀ ਇਹ ਵੀ ਹੈ ਕਿ ਮੁਲਕਾਂ ਤੇ ਕਬਜ਼ਾ ਕਰਕੇ ਉਥੋਂ ਦੇ ਕੁਦਰਤੀ ਸਾਧਨਾਂ ਤੇ ਕੰਟਰੋਲ ਕਰਕੇ ਸਥਾਨਕ ਵਸੋਂ ਦੀ ਨਸਲਕੁਸ਼ੀ ਕਰ ਦਿਤੀ ਜਾਵੇ। ਫ਼ਲਸਤੀਨ, ਅਫ਼ਗਾਨਿਸਤਾਨ, ਇਰਾਕ ਵਿਚ ਇਹੋ ਕੁਝ ਕੀਤਾ ਜਾ ਰਿਹਾ ਹੈ। ਸਾਮਰਾਜੀ ਤਾਕਤਾਂ ਕਿਸੇ ਵੀ ਕਾਨੂੰਨ ਜਾਂ ਇਨਸਾਨੀ ਰਵਾਇਤ ਨੂੰ ਮੰਨਣ ਨੂੰ ਤਿਆਰ ਨਹੀਂ।

ਸਾਮਰਾਜੀਆਂ ਅਤੇ ਉਨ੍ਹਾਂ ਦੇ ਝੋਲੀਚੁਕਾਂ ਦੀ ਇਸ ਤਬਾਹੀ ਦੇ ਖ਼ਿਲਾਫ਼ ਦੁਨੀਆ ਭਰ ਦੇ ਲੋਕ ਆਪਣੇ ਘੋਲ ਤੇਜ਼ ਕਰ ਰਹੇ ਹਨ। ਇਨ੍ਹਾਂ ਘੋਲਾਂ ਨੂੰ ਖ਼ਤਮ ਕਰਨ ਲਈ ਹਾਕਮ ਜਮਾਤਾਂ ਆਪਣੀ ਦਹਿਸ਼ਤਗਰਦੀ ਫੈਲਾ ਰਹੀਆਂ ਹਨ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਹਜ਼ਾਰਾਂ ਹੀ ਲੋਕਾਂ ਨੂੰ ਬਿਨਾਂ ਕਿਸੇ ਜੁਰਮ ਦੇ ਅਤੇ ਸ਼ੱਕ ਦੇ ਆਧਾਰ ਤੇ ਗ੍ਰਿਫ਼ਤਾਰ ਕੀਤਾ ਹੋਇਆ ਹੈ। ਇਸੇ ਤਰਾਂ ਹੋਰਨਾਂ ਥਾਂਵਾਂ ਤੇ ਵੀ ਦਹਿਸ਼ਤਗਰਦੀ ਨੂੰ ਖ਼ਤਮ ਕਰਨ ਦੇ ਨਾਅਰੇ ਹੇਠ ਇਹੋ ਕੁਝ ਕੀਤਾ ਜਾ ਰਿਹਾ ਹੈ। ਲੋਕਾਂ ਨੂੰ ਨਸਲ, ਧਰਮ, ਜ਼ਾਤ ਅਤੇ ਸਿਆਸਤ ਦੇ ਆਧਾਰ ਤੇ ਪਾੜਨ ਦੀਆਂ ਕੋਸ਼ਿਸ਼ਾਂ ਵੀ ਜਾਰੀ ਹਨ। ਮੁਸਲਮਾਨਾਂ ਨੂੰ ਆ ਅਤੇ ਸੁੱਨੀ ਦੇ ਆਧਾਰ ਤੇ ਪਾੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਧਰਮ ਅਤੇ ਸੈਕੁਲਰ ਵਾਦ ਦੇ ਆਧਾਰ ਤੇ ਵੀ ਲੋਕਾਂ ਨੂੰ ਵੰਡਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸੇ ਤਰਾਂ ਲੋਕਾਂ ਦੀਆਂ ਜੱਦੋ-ਜਹਿਦ ਨੂੰ ਸਿਆਸੀ ਅਤੇ ਸਿਧਾਂਤਕ ਆਧਾਰ ਤੇ ਵੰਡਣ ਲਈ ਵੀ ਪੂਰਾ ਜ਼ੋਰ ਲਾਇਆ ਜਾ ਰਿਹਾ ਹੈ।

ਸਾਮਰਾਜ ਦੀਆਂ ਇਨ੍ਹਾਂ ਚਾਲਾਂ, ਸਾਜ਼ਸ਼ਾਂ ਅਤੇ ਹਮਲਿਆਂ ਦੇ ਜਵਾਬ ਵਿਚ ਦੁਨੀਆ ਦੇ ਲੋਕਾਂ ਨੇ ਆਪਣੀ ਏਕਤਾ ਮਜ਼ਬੂਤ ਕਰਦੇ ਹੋਏ `*ਇਕ ਮਨੁੱਖਤਾ ਇਕ ਸੰਘਰਸ਼* ` ਦਾ ਨਾਅਰਾ ਬੁਲੰਦ ਕਰ ਦਿਤਾ ਹੈ। ਤਮਾਮ ਦੁਨੀਆ ਦੇ ਲੋਕ ਸਭ ਲੁਟੀਂਦੇ ਅਤੇ ਦਬੇ ਕੁਚਲੇ ਲੋਕਾਂ ਦੇ ਮੋਢੇ ਨਾਲ ਮੋਢਾ ਲਾ ਕੇ ਇਕ ਨਵੀਂ ਦੁਨੀਆ ਕਾਇਮ ਕਰਨ ਲਈ ਜੱਦੋ-ਜਹਿਦ ਕਰ ਰਹੇ ਹਨ। ਉਹ ਦੁਨੀਆ ਜਿਥੇ ਸਭ ਦੇ ਹੱਕ ਤਸਲੀਮ ਹੋਣ ਅਤੇ ਕਿਸੇ ਦੀ ਵੀ ਲੁੱਟ ਨਾ ਹੋ ਸਕੇ। **ਦੁਨੀਆ ਭਰ ਦੇ ਲੋਕ `*ਇਕ ਹੋਰ ਦੁਨੀਆ ਮੁਮਕਿਨ ਹੈ*`** ਦੀ ਆਵਾਜ਼ ਬੁਲੰਦ ਕਰ ਰਹੇ ਹਨ। ਦੁਨੀਆ ਦੇ ਲੋਕਾਂ ਦੇ ਸੰਘਰਸ਼ ਇਕ ਦੂਜੇ ਨਾਲ ਜੁੜ ਗਏ ਹਨ ਅਤੇ ਹੁਣ ਤਮਾਮ ਮਨੁੱਖਤਾ ਦੀ ਮੁਕਤੀ ਦਾ ਹਿੱਸਾ ਬਣ ਗਏ ਹਨ। ਤਾਰੀਖ਼ ਉਸ ਪੜਾਅ ਤੇ ਪਹੁੰਚ ਚੁੱਕੀ ਹੈ ਜਿੱਥੇ ਅਜੇਹੀਆਂ ਰੂਹਾਨੀ ਅਤੇ ਜਿਸਮਾਨੀ ਤਾਕਤਾਂ ਹੋਂਦ ਵਿਚ ਆ ਚੁੱਕੀਆਂ ਹਨ ਜੋ ਜਮਾਤਾਂ ਵਿਚ ਵੰਡੇ ਹੋਏ ਮੌਜੂਦਾ ਸਮਾਜ ਨੂੰ ਖ਼ਤਮ ਕਰਕੇ ਤਾਰੀਖ਼ ਦਾ ਇਕ ਨਵਾਂ ਦੌਰ ਸ਼ੁਰੂ ਕਰਨਗੀਆਂ। ਇਕ ਹੋਰ ਨਵੀਂ ਦੁਨੀਆ ਵਸਾਉਣ ਵਾਲੀਆਂ ਤਾਕਤਾਂ ਨਾਲ ਰਲ ਕੇ ਮਜ਼ਦੂਰ ਜਮਾਤ ਸਭ ਦੱਬੇ ਕੁਚਲੇ ਲੋਕਾਂ ਨੂੰ ਅਤੇ ਸਾਰੀ ਮਨੁੱਖਤਾ ਨੂੰ ਲਾਜ਼ਮੀ ਹੀ ਮੁਕਤ ਕਰਵਾਏਗੀ।